# COVID-19 ਵੈਕਸੀਨ ਅਤੇ ਪ੍ਰਜਣਨ ਸਿਹਤ
# ਅਕਸਰ ਪੁੱਛੇ ਜਾਣ ਵਾਲੇ ਸਵਾਲ

Vaccinate WA
CovidVaccineWA.org

ਇਸ ਬਾਰੇ ਚਿੰਤਾ ਹੋਣਾ ਆਮ ਗੱਲ ਹੈ ਕਿ COVID-19 ਦੀ ਵੈਕਸੀਨ ਪ੍ਰਜਣਨ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ। Centers for Disease Control and Prevention (CDC, ਰੋਗ ਰੋਕਥਾਮ ਅਤੇ ਨਿਯੰਤਰਣ ਕੇਂਦਰ), 6 ਮਹੀਨੇ ਅਤੇ ਇਸਤੋਂ ਵੱਡੀ ਉਮਰ ਦੇ ਹਰੇਕ ਵਿਅਕਤੀ ਨੂੰ COVID-19 ਵੈਕਸੀਨ ਪ੍ਰਾਪਤ ਕਰਨ ਦੀ ਸਲਾਹ ਦਿੰਦਾ ਹੈ, ਇਸ ਵਿੱਚ ਉਹ ਵੀ ਸ਼ਾਮਲ ਹਨ ਜੋ ਇਸ ਵੇਲੇ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਾਂ ਭਵਿੱਖ ਵਿੱਚ ਗਰਭ ਧਾਰਨ ਕਰ ਸਕਦੇ ਹਨ। ਫ਼ਿਲਹਾਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ COVID-19 ਵੈਕਸੀਨ ਸਮੇਤ ਕਿਸੇ ਵੀ ਵੈਕਸੀਨ ਦੇ ਕਾਰਨ ਹੁਣ ਜਾਂ ਭਵਿੱਖ ਵਿੱਚ ਜਣਨ ਸ਼ਕਤੀ ਸੰਬੰਧੀ ਸਮੱਸਿਆਵਾਂ ਆਉਂਦੀਆਂ ਹਨ।

ਜਣਨ ਸ਼ਕਤੀ ਸੰਬੰਧੀ ਪਿਛਲੇ ਸੰਘਰਸ਼, ਵੱਖ-ਵੱਖ ਰੰਗਾਂ ਅਤੇ ਨਸਲਾਂ ਵਿਚਕਾਰ ਵਿਤਕਰੇ ਦੇ ਪੁਰਾਣੇ ਸਦਮੇ ਜਾਂ ਡਾਕਟਰੀ ਖੇਤਰ ਦੇ ਅੰਦਰ, ਔਰਤਾਂ/ਟ੍ਰਾਂਸ ਮਰਦਾਂ ਅਤੇ ਔਰਤਾਂ/ਲਿੰਗ ਦੀ ਪੁਸ਼ਟੀ ਨਾ ਕਰਨ ਵਾਲੇ ਲੋਕਾਂ ਦੀਆਂ ਸਿਹਤ ਸੰਬੰਧੀ ਸ਼ਿਕਾਇਤਾਂ ਦੀ ਆਮ ਅਣਦੇਖੀ ਦੇ ਕਾਰਨ ਇਸ ਦਸਤਾਵੇਜ਼ ਵਿੱਚ ਸ਼ਾਮਲ ਵਿਸ਼ੇ ਕੁਝ ਪਾਠਕਾਂ ਲਈ ਸੰਵੇਦਨਸ਼ੀਲ ਹੋ ਸਕਦੇ ਹਨ।

COVID-19 ਵੈਕਸੀਨ ਅਤੇ ਪ੍ਰਜਣਨ ਸਿਹਤ ਬਾਰੇ ਕੁਝ ਆਮ ਸਵਾਲਾਂ ਦੇ ਜਵਾਬ ਜਾਣਨ ਲਈ ਹੇਠਾਂ ਦੇਖੋ।

## ਸਵਾਲ: ਕੀ COVID-19 ਵੈਕਸੀਨ ਨਾਲ ਬੱਚੇ ਪੈਦਾ ਕਰਨ ਦੀ ਮੇਰੀ ਯੋਗਤਾ ਪ੍ਰਭਾਵਿਤ ਹੋਵੇਗੀ?

**ਜਵਾਬ:** ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ COVID-19 ਵੈਕਸੀਨ ਸਮੇਤ ਕੋਈ ਵੀ ਵੈਕਸੀਨ ਕਿਸੇ ਵੀ ਲਿੰਗ ਦੀ ਜਣਨ ਸ਼ਕਤੀ ਨੂੰ ਪ੍ਰਭਾਵਿਤ ਕਰਦੀ ਹੈ। ਵੈਕਸੀਨ ਤੁਹਾਡੇ ਸਰੀਰ ਦੇ ਰੋਗ ਪ੍ਰਤਿਰੋਧੀ ਸਿਸਟਮ ਨੂੰ ਕੋਰੋਨਾਵਾਇਰਸ ਨਾਲ ਲੜਨ ਲਈ ਤਿਆਰ ਕਰਦੀ ਹੈ ਅਤੇ ਤੁਹਾਡੇ ਜਣਨ ਅੰਗਾਂ ਵਿੱਚ ਦਖਲਅੰਦਾਜ਼ੀ ਨਹੀਂ ਕਰਦੀ। COVID-19 ਵੈਕਸੀਨ ਦੇ ਕਲੀਨਿਕਲ ਟ੍ਰਾਇਲ ਵਿੱਚ ਅਤੇ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੇ ਜੋੜਿਆਂ ਉੱਤੇ ਵੱਡੇ ਪੱਧਰ ਵਿੱਚ ਕੀਤੇ ਅਧਿਐਨ ਤੋਂ ਇਹ ਪਤਾ ਲੱਗਿਆ ਹੈ ਕਿ COVID-19 ਵੈਕਸੀਨ ਪ੍ਰਾਪਤ ਕਰਨ ਵਾਲਿਆਂ ਅਤੇ ਵੈਕਸੀਨ ਨਾ ਪ੍ਰਾਪਤ ਕਰਨ ਵਾਲਿਆਂ ਵਿੱਚ ਗਰਭ ਧਾਰਨ ਕਰਨ ਦੀਆਂ ਦਰਾਂ ਇੱਕ-ਸਮਾਨ ਸਨ। COVID-19 ਦੀਆਂ ਵੈਕਸੀਨਾਂ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ। Centers for Disease Control and Prevention (CDC), American College of Obstetricians and Gynecologists (ACOG, ਅਮੇਰੀਕਨ ਕਾਲਜ ਆਫ਼ ਔਬਸਟੇਟ੍ਰੀਸ਼ੀਅਨ ਅਤੇ ਗਾਇਨੀਕੋਲੋਜਿਸਟ), ਅਤੇ Society for Maternal-Fetal Medicine (SMFM, ਸੁਸਾਇਟੀ ਫਾਰ ਮੈਟਰਨਲ-ਫੀਟਲ ਮੈਡੀਸਨ) ਉਹਨਾਂ ਔਰਤਾਂ ਨੂੰ COVID-19 ਵੈਕਸੀਨ ਪ੍ਰਾਪਤ ਕਰਨ ਦੀ ਸਲਾਹ ਦਿੰਦਾ ਹੈ ਜੋ ਗਰਭਵਤੀ ਹਨ, ਦੁੱਧ ਚੁੰਘਾਉਂਦੀਆਂ ਹਨ ਜਾਂ ਗਰਭਵਤੀ ਹੋਣ ਦੀ ਯੋਜਨਾ ਬਣਾ ਰਹੀਆਂ ਹਨ।

COVID ਵੈਕਸੀਨ ਪ੍ਰਾਪਤ ਕਰਨ ਦੀ ਸਲਾਹ ਕਿਉਂ ਦਿੱਤੀ ਜਾ ਰਹੀ ਹੈ, ਇਸ ਬਾਰੇ ਡਾਕਟਰ LaSalle ਦੇ ਵਿਚਾਰ ਜਾਣਨ ਲਈ ਇਸ ਲਿੰਕ 'ਤੇ ਜਾਓ: ਜਣਨ ਸ਼ਕਤੀ ਅਤੇ COVID-19 ਵੈਕਸੀਨ - YouTube

## ਸਵਾਲ: ਕੀ ਵੈਕਸੀਨ ਦੇ ਕਾਰਨ ਮੇਰਾ ਮਾਹਵਾਰੀ ਚੱਕਰ ਬਦਲ ਜਾਵੇਗਾ?

**ਜਵਾਬ:** COVID-19 ਵੈਕਸੀਨ ਪ੍ਰਾਪਤ ਕਰ ਚੁੱਕੀਆਂ ਕੁਝ ਔਰਤਾਂ ਨੇ ਵੈਕਸੀਨ ਲਗਵਾਉਣ ਤੋਂ ਬਾਅਦ ਆਪਣੇ ਮਾਹਵਾਰੀ ਚੱਕਰ ਵਿੱਚ ਤਬਦੀਲੀਆਂ ਆਉਣ ਦੀ ਰਿਪੋਰਟ ਕੀਤੀ ਹੈ, ਜਿਵੇਂ ਕਿ ਲੰਬੇ ਸਮੇਂ ਤੱਕ ਮਾਹਵਾਰੀ ਚੱਲਣਾ, ਛੋਟੇ ਅੰਤਰਾਲ ਬਾਅਦ ਮਾਹਵਾਰੀ ਆਉਣਾ ਜਾਂ ਆਮ ਨਾਲੋਂ ਵੱਧ ਖੂਨ ਵਗਣਾ। 2022 ਦੇ ਇੱਕ ਅਧਿਐਨ ਵਿੱਚ, ਇਹ ਪਤਾ ਲੱਗਿਆ ਸੀ ਕਿ COVID-19 ਵੈਕਸੀਨ ਪ੍ਰਾਪਤ ਕਰ ਚੁੱਕੀਆਂ ਔਰਤਾਂ ਜਿਹਨਾਂ ਨੂੰ ਮਾਹਵਾਰੀ ਆਈ ਸੀ, ਖੁਰਾਕਾਂ ਦੇ ਸਮੇਂ ਦੇ ਆਸ-ਪਾਸ ਉਨ੍ਹਾਂ ਦੇ ਮਾਹਵਾਰੀ ਚੱਕਰ ਦੀ ਲੰਬਾਈ ਵਿੱਚ ਇੱਕ ਦਿਨ ਤੋਂ ਘੱਟ ਦਾ ਵਾਧਾ ਹੋਇਆ ਸੀ। ਇੱਕ ਦਿਨ ਦਾ ਪਰਿਵਰਤਨ, ਮਾਹਵਾਰੀ ਚੱਕਰਾਂ ਵਿੱਚ ਆਉਣ ਵਾਲੇ ਪਰਿਵਰਤਨ ਦੀ ਆਮ ਸੀਮਾ ਦੇ ਅੰਦਰ ਮੰਨਿਆ ਜਾਂਦਾ ਹੈ। ਮਾਹਵਾਰੀ ਚੱਕਰ ਵਿੱਚ ਇਹਨਾਂ ਸੰਭਾਵੀ ਅਸਥਾਈ ਤਬਦੀਲੀਆਂ ਦੇ ਬਾਵਜੂਦ, ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ COVID-19 ਵੈਕਸੀਨ ਦੇ ਕਾਰਨ ਜਣਨ ਸੰਬੰਧੀ ਸਮੱਸਿਆਵਾਂ ਆਉਂਦੀਆਂ ਹਨ। ਤੁਹਾਡੇ ਚੱਕਰ ਵਿੱਚ ਤਬਦੀਲੀ ਤੁਹਾਡੇ ਓਵਯੂਲੇਸ਼ਨ ਦੇ ਸਮੇਂ ਨੂੰ ਬਦਲ ਸਕਦੀ ਹੈ। ਜਿਹੜੇ ਲੋਕ ਕੁਦਰਤੀ ਪਰਿਵਾਰ ਨਿਯੋਜਨ ਅਤੇ ਮਾਹਵਾਰੀ ਚੱਕਰ ਟਰੈਕ ਕਰਨ ਵਰਗੇ ਹੋਰ ਤਰੀਕਿਆਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਓਵਯੂਲੇਸ਼ਨ ਦਾ ਸਟੀਕ ਪਤਾ ਲਗਾਉਣ ਅਤੇ ਗਰਭ-ਅਵਸਥਾ ਤੋਂ ਬਚਣ/ਯੋਜਨਾ ਬਣਾਉਣ ਵਿੱਚ ਦਿੱਕਤ ਪੇਸ਼ ਆ ਸਕਦੀ ਹੈ। ਆਪਣੇ ਮਾਹਵਾਰੀ ਚੱਕਰ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਅਤੇ ਪਰਿਵਾਰ ਨਿਯੋਜਨ ਬਾਰੇ ਹੋਰ ਜਾਣਨ ਲਈ ਆਪਣੇ ਡਾਕਟਰ ਨਾਲ ਗੱਲਬਾਤ ਕਰੋ।

## ਸਵਾਲ: ਕੀ COVID-19 ਵੈਕਸੀਨ ਗਰਭ ਨਿਰੋਧਕ ਨੂੰ ਪ੍ਰਭਾਵਿਤ ਕਰ ਸਕਦੀ ਹੈ?

**ਜਵਾਬ:** Planned Parenthood ਦੇ ਅਨੁਸਾਰ, ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ COVID -19 ਵੈਕਸੀਨ ਗਰਭ ਨਿਰੋਧਕ ਨੂੰ ਘੱਟ ਜਾਂ ਵੱਧ ਪ੍ਰਭਾਵਸ਼ਾਲੀ ਬਣਾਉਂਦੀ ਹੈ। ਇਸ ਸਮੇਂ, ਵੈਕਸੀਨ ਲਗਵਾਉਣ ਵਾਲੇ ਲੋਕਾਂ ਵੱਲੋਂ ਅਜਿਹੀ ਕੋਈ ਰਿਪੋਰਟ ਨਹੀਂ ਆਈ ਹੈ ਕਿ ਵੈਕਸੀਨ ਲਗਵਾਉਣ ਤੋਂ ਬਾਅਦ ਉਹਨਾਂ ਦੇ ਗਰਭ ਨਿਰੋਧਕ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ। ਹਾਲਾਂਕਿ ਮਾਹਵਾਰੀ ਚੱਕਰ ਵਿੱਚ ਤਬਦੀਲੀਆਂ ਦੀਆਂ ਰਿਪੋਰਟਾਂ ਮੌਜੂਦ ਹਨ, ਪਰ ਇਸ ਨਾਲ ਇਸ ਗੱਲ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ ਕਿ ਕਿਸੇ ਵਿਅਕਤੀ ਦਾ ਗਰਭ ਨਿਰੋਧਕ ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰਦਾ ਹੈ। ਇਹ ਮਾਹਵਾਰੀ ਚੱਕਰ ਅਤੇ ਓਵਯੂਲੇਸ਼ਨ ਦੇ ਸਮੇਂ ਨੂੰ ਟਰੈਕ ਕਰਨ ਵਿੱਚ ਮੁਸ਼ਕਿਲ ਪੈਦਾ ਕਰ ਸਕਦਾ ਹੈ; ਉਹ ਲੋਕ ਜੋ ਕੁਦਰਤੀ ਗਰਭ ਨਿਰੋਧਕ ਦੀ ਵਰਤੋਂ ਕਰਦੇ ਹਨ, ਜਿਵੇਂ ਕਿ ਜਣਨ ਸ਼ਕਤੀ ਜਾਗਰੂਕਤਾ ਵਿਧੀ, ਉਨ੍ਹਾਂ ਨੂੰ ਇਹ ਜਾਣਨ ਵਿੱਚ ਦਿੱਕਤ ਆ ਸਕਦੀ ਹੈ ਕਿ ਉਹ ਕਦੋਂ ਓਵਯੂਲੇਟ ਕਰ ਰਹੇ ਹਨ। ਅਜਿਹੇ ਸਾਧਨ ਉਪਲਬਧ ਹਨ ਜੋ ਲੋਕਾਂ ਨੂੰ ਓਵਯੂਲੇਸ਼ਨ ਟਰੈਕ ਕਰਨ ਵਿੱਚ ਮਦਦ ਕਰ ਸਕਦੇ ਹਨ। ਆਪਣੇ ਵਿਕਲਪਾਂ ਅਤੇ ਹੋਰ ਚੀਜ਼ਾਂ ਬਾਰੇ ਜਾਣਨ ਲਈ, ਆਪਣੇ ਡਾਕਟਰ ਨਾਲ ਗੱਲਬਾਤ ਕਰੋ।

## ਸਵਾਲ: ਕੀ ਵੈਕਸੀਨ ਸ਼ੁਕਰਾਣੂਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ ਅਤੇ/ਜਾਂ ਨਪੁੰਸਕਤਾ ਦਾ ਕਾਰਨ ਬਣ ਸਕਦੀ ਹੈ?

**ਜਵਾਬ:** ਫ਼ਿਲਹਾਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਜੋ ਇਹ ਦਿਖਾਉਂਦਾ ਹੋਵੇ ਕਿ COVID-19 ਵੈਕਸੀਨ ਸਮੇਤ ਕਿਸੇ ਵੀ ਵੈਕਸੀਨ ਦੇ ਕਾਰਨ ਪੁਰਸ਼ਾਂ ਵਿੱਚ ਬਾਂਝਪਣ ਜਾਂ ਨਪੁੰਸਕਤਾ ਦੀ ਸਮੱਸਿਆ ਆਉਂਦੀ ਹੈ। mRNA COVID-19 ਵੈਕਸੀਨ ਪ੍ਰਾਪਤ ਚੁੱਕੇ 45 ਸਿਹਤਮੰਦ ਪੁਰਸ਼ਾਂ 'ਤੇ ਕੀਤੇ ਛੋਟੇ ਜਿਹੇ ਅਧਿਐਨ ਵਿੱਚ ਵੈਕਸੀਨ ਲਗਵਾਉਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਸ਼ੁਕਰਾਣੂਆਂ ਦੀਆਂ ਵਿਸ਼ੇਸ਼ਤਾਵਾਂ, ਜਿਵੇਂ ਕਿ ਮਾਤਰਾ ਅਤੇ ਗਤੀ ਦਾ ਨਿਰੀਖਣ ਕੀਤਾ ਗਿਆ ਸੀ। ਨਿਰੀਖਣ ਕਰਨ ਵਾਲਿਆਂ ਨੂੰ ਵੈਕਸੀਨ ਪ੍ਰਾਪਤ ਕਰ ਚੁੱਕੇ ਪੁਰਸ਼ਾਂ ਦੇ ਸ਼ੁਕਰਾਣੂਆਂ ਦੀਆਂ ਵਿਸ਼ੇਸ਼ਤਾਵਾਂ ਵਿੱਚ ਕੋਈ ਮਹੱਤਵਪੂਰਨ ਤਬਦੀਲੀਆਂ ਨਹੀਂ ਦਿਖੀਆਂ। ਇਸ ਤੋਂ ਇਲਾਵਾ, ਇੱਕ ਅਧਿਐਨ ਵਿੱਚ ਇਹ ਪਤਾ ਲੱਗਿਆ ਹੈ ਕਿ COVID-19 ਹੋਣ ਤੋਂ ਬਾਅਦ ਪੁਰਸ਼ਾਂ ਵਿੱਚ 60 ਦਿਨਾਂ ਤੱਕ ਜਣਨ ਸ਼ਕਤੀ ਵਿੱਚ ਆਈ ਗਿਰਾਵਟ COVID-19 ਸੰਕਰਮਣ ਨਾਲ ਸੰਬੰਧਿਤ ਹੋ ਸਕਦੀ ਹੈ। ਕਿਸੇ ਵੀ ਬਿਮਾਰੀ ਕਾਰਨ ਹੋਇਆ ਬੁਖ਼ਾਰ ਅਤੇ COVID-19 ਦੇ ਕਿਸੇ ਆਮ ਲੱਛਣ ਦੇ ਕਾਰਨ ਸ਼ੁਕਰਾਣੂਆਂ ਦੇ ਉਤਪਾਦਨ ਵਿੱਚ ਕੁਝ ਸਮੇਂ ਤੱਕ ਕਮੀ ਆ ਸਕਦੀ ਹੈ। ਹਾਲਾਂਕਿ ਬੁਖ਼ਾਰ COVID-19 ਵੈਕਸੀਨ ਲਗਵਾਉਣ ਨਾਲ ਵੀ ਹੋ ਸਕਦਾ ਹੈ, ਪਰ ਫ਼ਿਲਹਾਲ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ COVID ਵੈਕਸੀਨ ਲਗਵਾਉਣ ਤੋਂ ਬਾਅਦ ਹੋਇਆ ਬੁਖ਼ਾਰ ਸ਼ੁਕਰਾਣੂਆਂ ਦੇ ਉਤਪਾਦਨ ਨੂੰ ਪ੍ਰਭਾਵਿਤ ਕਰਦਾ ਹੈ। ਜੇ ਤੁਹਾਡੀਆਂ ਕੋਈ ਹੋਰ ਚਿੰਤਾਵਾਂ ਹਨ ਤਾਂ ਆਪਣੇ ਡਾਕਟਰ ਦੇ ਨਾਲ ਗੱਲਬਾਤ ਕਰੋ।

## ਸਵਾਲ: ਕੀ ਵੈਕਸੀਨ IVF (ਇਨ ਵਿਟਰੋ ਫਰਟੀਲਾਈਜ਼ੇਸ਼ਨ) ਉਪਚਾਰ ਨੂੰ ਪ੍ਰਭਾਵਿਤ ਕਰਦੀ ਹੈ?

**ਜਵਾਬ:** ਅਜਿਹਾ ਕੋਈ ਸਬੂਤ ਨਹੀਂ ਹੈ ਜੋ ਇਹ ਦਰਸਾਉਂਦਾ ਹੋਵੇ ਕਿ COVID-19 ਵੈਕਸੀਨ IVF ਉਪਚਾਰ ਕਰਵਾ ਰਹੇ ਲੋਕਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਦੀ ਹੈ। ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ COVID-19 mRNA ਵੈਕਸੀਨ ਦਾ IVF ਦੀ ਸਫਲਤਾ ਦਰ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ ਹੈ। ਇੱਕ ਅਧਿਐਨ ਵਿੱਚ, ਵੈਕਸੀਨ ਲਗਵਾ ਚੁੱਕੇ ਲੋਕਾਂ ਅਤੇ ਜਿਨ੍ਹਾਂ ਨੇ ਵੈਕਸੀਨ ਨਹੀਂ ਲਗਵਾਈ ਉਨ੍ਹਾਂ ਵਿੱਚ ਅੰਡਕੋਸ਼ਾਂ ਦੀ ਉਤੇਜਨਾ, ਅੰਡੇ ਦੀ ਗੁਣਵੱਤਾ, ਭਰੂਣ ਦੇ ਵਿਕਾਸ, ਜਾਂ ਗਰਭ-ਅਵਸਥਾ ਦੇ ਨਤੀਜਿਆਂ ਵਿੱਚ ਕੋਈ ਮਹੱਤਵਪੂਰਨ ਫਰਕ ਦੇਖਣ ਨੂੰ ਨਹੀਂ ਮਿਲਿਆ। COVID-19 ਵੈਕਸੀਨ ਦਾ ਜਣਨ ਸ਼ਕਤੀ ਉੱਤੇ ਕੋਈ ਪ੍ਰਭਾਵ ਦਿਖਾਈ ਨਹੀਂ ਦਿੱਤਾ, ਨਾ ਹੀ ਇਸਦੇ ਕਾਰਨ ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਵਧਦੀਆਂ ਹਨ ਜੋ ਪਹਿਲਾਂ ਹੀ ਗਰਭ ਧਾਰਨ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਗਰਭ-ਅਵਸਥਾ ਦੇ ਦੌਰਾਨ ਅਤੇ ਇਸਤੋਂ ਪਹਿਲਾਂ ਬਹੁਤ ਸਾਰੀਆਂ ਵੈਕਸੀਨ ਬਕਾਇਦਾ ਤੌਰ 'ਤੇ ਸੁਰੱਖਿਅਤ ਤਰੀਕੇ ਨਾਲ ਦਿੱਤੀਆਂ ਜਾਂਦੀਆਂ ਹਨ, ਜਿਵੇਂ ਕਿ ਫਲੂ, ਟੈਟਨਸ, ਅਤੇ ਡਿਪਥੀਰੀਆ ਵੈਕਸੀਨ। COVID-19 ਵੈਕਸੀਨ, 6 ਮਹੀਨੇ ਅਤੇ ਇਸਤੋਂ ਵੱਡੀ ਉਮਰ ਦੇ ਲੋਕਾਂ ਨੂੰ ਲਗਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ, ਇਸ ਵਿੱਚ ਉਹ ਵੀ ਸ਼ਾਮਲ ਹਨ ਜੋ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

## ਸਵਾਲ: ਕੀ COVID-19 ਵੈਕਸੀਨ ਗਰਭਪਾਤ ਦਾ ਕਾਰਨ ਬਣ ਸਕਦੀ ਹੈ?

**ਜਵਾਬ:** ਨਹੀਂ, COVID-19 ਵੈਕਸੀਨ, ਗਰਭ-ਅਵਸਥਾ ਤੋਂ ਪਹਿਲਾਂ, ਉਸ ਦੌਰਾਨ ਅਤੇ ਉਸ ਤੋਂ ਬਾਅਦ ਵੀ ਪੂਰੀ ਤਰ੍ਹਾਂ ਸੁਰੱਖਿਅਤ ਹੈ। ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ COVID-19 ਵੈਕਸੀਨ ਲਗਵਾਉਣ ਨਾਲ ਗਰਭਪਾਤ ਦਾ ਖਤਰਾ ਵੱਧ ਜਾਂਦਾ ਹੈ। ਜਿਹੜੇ ਲੋਕ COVID-19 ਵੈਕਸੀਨ ਲਗਵਾ ਚੁੱਕੇ ਹਨ, ਉਨ੍ਹਾਂ ਲੋਕਾਂ ਵਿੱਚ ਗਰਭਪਾਤ ਦੀ ਦਰ ਵਿੱਚ ਕੋਈ ਵਾਧਾ ਦੇਖਣ ਨੂੰ ਨਹੀਂ ਮਿਲਿਆ ਹੈ।

ਲੋਕ ਜਿੰਨੀ ਸੋਚਦੇ ਹਨ, ਗਰਭਪਾਤ ਦੀ ਦਰ ਉਸ ਤੋਂ ਕਿਤੇ ਵੱਧ ਹੈ, ਲਗਭਗ 10 ਤੋਂ 20 ਪ੍ਰਤੀਸ਼ਤ ਗਰਭ-ਅਵਸਥਾਵਾਂ ਵਿੱਚ ਗਰਭਪਾਤ ਹੋ ਜਾਂਦਾ ਹੈ। ਜਿੰਨ੍ਹਾਂ ਲੋਕਾਂ ਨੇ ਵੈਕਸੀਨ ਲਗਵਾਈ ਹੈ, ਉਹਨਾਂ ਵਿੱਚੋਂ ਕੁਝ ਨੂੰ ਗਰਭਪਾਤ ਦਾ ਤਜ਼ਰਬਾ ਹੋ ਸਕਦਾ ਹੈ, ਪਰ ਇਸਦਾ ਕਾਰਨ ਵੈਕਸੀਨ ਨਹੀਂ ਹੈ– ਵੈਕਸੀਨ ਭਾਵੇਂ ਲੱਗੀ ਹੋਵੇ ਜਾਂ ਨਾ ਲੱਗੀ ਹੋਵੇ, ਗਰਭਪਾਤ ਹੋ ਸਕਦਾ ਹੈ। ਦਰਅਸਲ, ਗਰਭ-ਅਵਸਥਾ ਦੇ ਸ਼ੁਰੂਆਤੀ ਸਮੇਂ ਵਿੱਚ COVID-19 ਨਾਲ ਗੰਭੀਰ ਰੂਪ ਵਿੱਚ ਬਿਮਾਰ ਹੋਣ ਵਾਲੇ ਲੋਕਾਂ ਵਿੱਚ ਗਰਭਪਾਤ ਹੋਣ ਦਾ ਖਤਰਾ ਵਧ ਜਾਂਦਾ ਹੈ। ਵੈਕਸੀਨ ਲਗਵਾਉਣਾ, ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ COVID-19 ਤੋਂ ਬਚਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ।

## ਸਰੋਤ


Centers for Disease Control and Prevention, "COVID-19 Vaccines for People Who Would Like to Have a Baby". 2022. **ਔਨਲਾਈਨ ਇੱਥੇ ਉਪਲਬਧ ਹੈ**: COVID-19 Vaccines for People Who Would Like to Have a Baby | CDC

American College of Obstetricians and Gynecologists, "COVID-19 Vaccination Considerations for Obstetric-Gynecologic Care". 2022. **ਔਨਲਾਈਨ ਇੱਥੇ ਉਪਲਬਧ ਹੈ**: COVID-19 Vaccination Considerations for Obstetric–Gynecologic Care | ACOG

World Health Organization, "Questions and Answers: COVID-19 vaccines and pregnancy." 2022. **ਔਨਲਾਈਨ ਇੱਥੇ ਉਪਲਬਧ ਹੈ**: Questions and Answers: COVID-19 vaccines and pregnancy (who.int)

Mount Sinai, "Large Study Provides Reassurance that COVID-19 Vaccination Does Not Affect Fertility or Early Pregnancy." 2022. **ਔਨਲਾਈਨ ਇੱਥੇ ਉਪਲਬਧ ਹੈ**: Large Study Provides Reassurance that COVID-19 Vaccination Does Not Affect Fertility or Early Pregnancy | Mount Sinai - New York


***ਨਿੱਜੀ ਡਾਕਟਰੀ ਫੈਸਲਿਆਂ ਬਾਰੇ ਹਮੇਸ਼ਾਂ ਆਪਣੇ ਭਰੋਸੇਯੋਗ ਸਿਹਤ-ਸੰਭਾਲ ਪੇਸ਼ੇਵਰ ਨਾਲ ਸਲਾਹ-ਮਸ਼ਵਰਾ ਕਰੋ।***



ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ।